Punjabi - Number 103c
May 2017

# ਹੰਗਾਮੀ ਸਥਿਤੀ (ਐਮਰਜੈਂਸੀ) ਦੌਰਾਨ ਰਿਹਾਇਸ਼ੀ ਦੇਖਭਾਲ ਵਿਚ ਬਜ਼ੁਰਗਾਂ ਦੀ ਦੇਖਭਾਲ

## Caring for Seniors in Residential Care in an Emergency

ਜੰਗਲੀ ਅੱਗਾਂ, ਹੜ੍ਹਾਂ, ਭੂਚਾਲਾਂ ਅਤੇ ਤੂਫਾਨਾਂ ਵਰਗੇ ਖਤਰਿਆਂ ਲਈ ਤਿਆਰੀ ਅਤੇ ਉਨ੍ਹਾਂ ਦਾ ਜਵਾਬ ਦੇਣ ਵੇਲੇ ਬਜ਼ੁਰਗਾਂ ਦੀਆਂ ਲੋੜਾਂ ਵਲ ਖਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ, ਖਾਸ ਕਰਕੇ ਉਹ ਜੋ ਦੇਖਭਾਲ ਦੀਆਂ ਰਿਹਾਇਸ਼ੀ ਦੇਖਭਾਲ ਸੁਵਿਧਾਵਾਂ ਵਿੱਚ ਰਹਿੰਦੇ ਹਨ।

### ਦੇਖਭਾਲ ਦੀ ਰਿਹਾਇਸ਼ੀ ਸੁਵਿਧਾ ਵਿੱਚ ਪਰਿਵਾਰਕ ਸਦੱਸਾਂ ਦੀ ਦੇਖਭਾਲ ਕਿਵੇਂ ਕੀਤੀ ਜਾਂਦੀ ਹੈ?

ਬੀ ਸੀ ਦੀਆਂ ਸਿਹਤ ਸੰਬੰਧੀ ਅਥਾਰਿਟੀਆਂ ਵਾਸਤੇ ਸਾਰੀਆਂ ਸਿਹਤ ਦੀ ਦੇਖਭਾਲ ਅਤੇ ਦੇਖਭਾਲ ਦੀਆਂ ਰਿਹਾਇਸ਼ੀ ਸੁਵਿਧਾਵਾਂ ਵਾਸਤੇ ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰ ਰਹਿਣ ਸੰਬੰਧੀ ਯੋਜਨਾਵਾਂ ਹੋਣਾ ਜਰੂਰੀ ਹੈ। ਹੰਗਾਮੀ ਸਥਿਤੀ (ਐਮਰਜੈਂਸੀ) ਦੇ ਦੌਰਾਨ, ਸਿਹਤ ਸੰਬੰਧੀ ਅਥਾਰਿਟੀਆਂ ਹਸਪਤਾਲਾਂ ਅਤੇ ਦੂਸਰੀਆਂ ਸਿਹਤ ਦੀ ਦੇਖਭਾਲ ਦੀਆਂ ਸੁਵਿਧਾਵਾਂ ਵਿਚੋਂ ਹਟਾਏ ਗਏ ਵਿਅਕਤੀਆਂ ਦੀ ਦੇਖਭਾਲ ਕਰਨਾ ਜਾਰੀ ਰੱਖਣਗੀਆਂ।

*ਕਮਯੂਨਿਟੀ ਕੇਅਰ ਐਂਡ ਅਸਿਸਟੇਡ ਲਿਵਿੰਗ ਐਕਟ* (Community Care and Assisted Living Act) ਦੇ ਹੇਠ ਲਾਇਸੰਸਸ਼ੁਦਾ ਦੇਖਭਾਲ ਦੀਆਂ ਰਿਹਾਇਸ਼ੀ ਸੁਵਿਧਾਵਾਂ ਲਈ ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰ ਰਹਿਣ ਸੰਬੰਧੀ ਆਪਣੀ ਯੋਜਨਾ ਹੋਣਾ ਜਰੂਰੀ ਹੈ। ਇਸ ਯੋਜਨਾ ਵਿੱਚ ਕਿਸੇ ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰੀ ਕਰਨ, ਉਸਦਾ ਜਵਾਬ ਦੇਣ ਅਤੇ ਉਸ ਤੋਂ ਮੁੜ ਕੇ ਵਾਪਸ ਆਉਣ ਲਈ ਬਿਧੀਆਂ ਸ਼ਾਮਲ ਹੋਣਾ ਜਰੂਰੀ ਹੈ। ਇਸ ਵਿੱਚ, ਜੇ ਲੋੜ ਹੋਏ ਤਾਂ, ਉਨ੍ਹਾਂ ਦੀ ਦੇਖਭਾਲ ਹੇਠ ਲੋਕਾਂ ਨੂੰ ਹਟਾਉਣ ਲਈ ਬਿਧੀਆਂ ਸ਼ਾਮਲ ਹਨ। ਉਹ ਸਿਹਤ ਸੰਬੰਧੀ ਅਥਾਰਿਟੀਆਂ ਅਤੇ ਹੰਗਾਮੀ ਸਥਿਤੀ (ਐਮਰਜੈਂਸੀ) ਵਿੱਚ ਸਥਾਨਕ ਜਵਾਬ ਦੇਣ ਵਾਲਿਆਂ ਦੇ ਨਾਲ ਇਹ ਯਕੀਨੀ ਬਣਾਉਣ ਲਈ ਕੰਮ ਕਰਨਗੇ ਕਿ ਨਿਵਾਸੀ ਸੁਰੱਖਿਅਤ ਹਨ, ਭਾਵੇਂ ਉਹ ਦੇਖਭਾਲ ਦੀ ਸੁਵਿਧਾ ਵਿੱਚ ਰਹਿੰਦੇ ਹਨ ਜਾਂ ਕਿਸੇ ਹੋਰ ਸਥਾਨ ਤੇ ਚਲੇ ਜਾਂਦੇ ਹਨ।

ਉਸ ਸੁਵਿਧਾ, ਜਿਥੇ ਤੁਹਾਡੇ ਪਰਿਵਾਰ ਦਾ ਸਦੱਸ ਰਹਿੰਦਾ ਹੈ, ਵਿੱਚ ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰ ਰਹਿਣ ਅਤੇ ਯੋਜਨਾਬੰਧੀ ਬਾਰੇ ਜਾਣਕਾਰੀ ਲਈ, ਤੁਸੀਂ ਪੁੱਛ ਸਕਦੇ ਹੋ:

- ਸੁਵਿਧਾ ਦੀ ਲੋਕਾਂ ਨੂੰ ਉਥੋਂ ਹਟਾਉਣ ਜਾਂ ਕੱਢਣ ਦੀ ਯੋਜਨਾ ਕੀ ਹੈ?
- ਸੁਵਿਧਾ ਦੇ ਨਿਵਾਸੀਆਂ ਨੂੰ ਕਿਥੇ ਲਿਜਾਇਆ ਜਾਂ ਮੁੜ ਕੇ ਵਸਾਇਆ ਜਾਏਗਾ?
- ਹੰਗਾਮੀ ਸਥਿਤੀ (ਐਮਰਜੈਂਸੀ) ਦੇ ਦੌਰਾਨ ਪਰਿਵਾਰ ਦੇ ਸਦੱਸਾਂ ਦੀ ਕੀ ਭੂਮਿਕਾ ਹੁੰਦੀ ਹੈ?

### ਜੇ ਮੈਂ ਹੰਗਾਮੀ ਸਥਿਤੀ (ਐਮਰਜੈਂਸੀ) ਦੌਰਾਨ ਆਪਣੇ ਪਰਿਵਾਰ ਦੇ ਸਦੱਸ ਦੀ ਦੇਖਭਾਲ ਕਰਨਾ ਚਾਹੁੰਦਾ/ਦੀ ਹਾਂ ਤਾਂ ਧਿਆਨ ਵਿੱਚ ਰੱਖਣ ਵਾਲੀਆਂ ਕੁਝ ਚੀਜ਼ਾਂ ਕੀ ਹਨ?

ਹੰਗਾਮੀ ਸਥਿਤੀ (ਐਮਰਜੈਂਸੀ) ਵਿੱਚ, ਕੁਝ ਪਰਿਵਾਰ ਆਪਣੇ ਪਰਿਵਾਰ ਦੇ ਸਦੱਸਾਂ ਦੀ ਦੇਖਭਾਲ ਆਪ ਕਰਨਾ ਚਾਹ ਸਕਦੇ ਹਨ।

ਜੇ ਤੁਸੀਂ ਹੰਗਾਮੀ ਸਥਿਤੀ (ਐਮਰਜੈਂਸੀ) ਦੇ ਦੌਰਾਨ ਆਪਣੇ ਪਰਿਵਾਰ ਦੇ ਸਦੱਸ ਦੀ ਦੇਖਭਾਲ ਕਰਨਾ ਚਾਹੁੰਦੇ ਹੋ, ਤਾਂ ਸੋਚੋ ਕਿ ਕੀ ਤੁਹਾਡਾ ਘਰ ਉਚਿਤ ਹੈ, ਅਤੇ ਕੀ ਤੁਹਾਡੇ ਕੋਲ ਉਨ੍ਹਾਂ ਦੀਆਂ ਮੈਡੀਕਲ ਅਤੇ/ਜਾਂ ਚੱਲਣ ਫਿਰਨ ਸੰਬੰਧੀ ਅਵਸਥਾਵਾਂ ਵਾਲੇ ਵਿਅਕਤੀ ਦੀ ਦੇਖਭਾਲ ਕਰਨ ਦੀਆਂ ਕੁਸ਼ਲਤਾਵਾਂ ਹਨ। ਇਹ ਵੀ ਸੋਚੋ ਕਿ ਤੁਸੀਂ ਆਪਣੀ ਅਤੇ ਆਪਣੇ ਪਰਿਵਾਰ ਦੀ ਦੇਖਭਾਲ ਕਰਨ ਦੇ ਨਾਲ ਨਾਲ ਆਪਣੇ ਪਰਿਵਾਰ ਦੇ ਸਦੱਸ ਦੀਆਂ ਲੋੜਾਂ ਨੂੰ ਕਿਵੇਂ ਪੂਰਾ ਕਰੋਗੇ।

ਸੋਚਣ ਵਾਲੀਆਂ ਚੀਜ਼ਾਂ ਵਿੱਚ ਸ਼ਾਮਲ ਹਨ:

- ਚੱਲਣ ਫਿਰਨ ਵਿੱਚ ਮਦਦ ਕਰਨ ਵਾਲੀਆਂ ਚੀਜ਼ਾਂ ਜਿਵੇਂ ਕਿ ਵੌਕਰ ਜਾਂ ਵ੍ਹੀਲਚੇਅਰ
- ਦਵਾਈਆਂ ਰੱਖਣਾ ਅਤੇ ਦੇਣਾ

- ਵਿਅਕਤੀ ਨੂੰ ਬਿਸਤਰੇ ਵਿੱਚੋਂ ਉਠਾਉਣ ਅਤੇ ਬਿਸਤਰੇ ਵਿੱਚ ਲਿਟਾਉਣ ਜਾਂ ਪੌੜੀਆ ਚੜ੍ਹਨ ਅਤੇ ਉਤਰਨ ਵਿੱਚ ਸਹਾਇਤਾ ਕਰਨਾ
- ਵਿਅਕਤੀ ਨੂੰ ਟਾਇਲਟ ਵਰਤਣ ਜਾਂ ਨਹਾਉਣ ਵਿੱਚ ਸਹਾਇਤਾ ਕਰਨਾ
- ਖਾਸ ਸਮਾਨ, ਜਿਵੇਂ ਕਿ ਲਿਫਟਾਂ, ਪਕੜਨ ਵਾਲੇ ਡੰਡੇ (grab bars) ਅਤੇ ਉੱਚੀ ਟਾਇਲਟ ਸੀਟ
- ਖੁਰਾਕ ਸੰਬੰਧੀ ਖਾਸ ਲੋੜਾਂ
- ਤੁਹਾਡੇ ਘਰ ਦੀ ਸੁਰੱਖਿਆ ਅਤੇ ਹਿਫਾਜਤ
- ਆਪਣੇ ਘਰ ਨੂੰ ਇੱਕ ਘਰੇਲੂ ਐਮਰਜੈਂਸੀ ਯੋਜਨਾ ਅਤੇ ਭੋਜਨ, ਪਾਣੀ ਅਤੇ ਕੁਝ ਮੱਢਲੀਆਂ ਸਪਲਾਈਆਂ ਦੇ ਨਾਲ ਇੱਕ ਕਿਟ ਦੇ ਨਾਲ ਤਿਆਰ ਕਰਨਾ

## ਹੋਰ ਜਾਣਕਾਰੀ ਲਈ

ਆਪਣੇ ਖੇਤਰ ਵਿੱਚ ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰ ਰਹਿਣ ਸੰਬੰਧੀ ਜਾਣਕਾਰੀ ਲਈ, ਆਪਣੀ ਸਥਾਨਕ ਸਿਹਤ ਅਥਾਰਿਟੀ ਨਾਲ ਸੰਪਰਕ ਕਰੋ:

- ਫਰੇਜ਼ਰ ਹੈਲਥ (Fraser Health) www.fraserhealth.ca/health-info/health-topics/emergency-preparedness
- ਇੰਨਟੀਰੀਅਰ ਹੈਲਥ (Interior Health) www.interiorhealth.ca/YourEnvironment/EmergencyPreparedness
- ਨੌਰਦਰਨ ਹੈਲਥ ਅਥਾਰਿਟੀ (Northern Health) www.northernhealth.ca
- ਆਇਲੈਂਡ ਹੈਲਥ (Island Health) www.viha.ca/emergency_management
- ਵੈਨਕੂਵਰ ਕੋਸਟਲ ਹੈਲਥ (Vancouver Coastal) Health www.vch.ca/your-environment/facility-licensing/residential-care/emergency-preparedness/

ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰ ਰਹਿਣ ਸੰਬੰਧੀ ਹੋਰ ਜਾਣਕਾਰੀ ਲਈ, ਪ੍ਰਿਪੇਅਰਡਬੀਸੀ (PreparedBC) ਤੇ ਜਾਓ: www2.gov.bc.ca/gov/content/safety/emergency-preparedness-response-recovery/preparedbc